# ਕੈਫ਼ਕਾਸ ਫ਼ੈਮਿਲੀ ਗਰੁਪ

# ਕਾਨਫ਼੍ਰੰਸ ਸਰਵਿਸ

## Cafcass family group conference service

ਪਰਿਵਾਰਕ ਝਗੜੇ ਨੂੰ ਨਿਪਟਾਉਣ

ਲਈ ਮਿਲ ਕੇ ਕੰਮ ਕਰਨਾ

# ਫ਼ੈਮਿਲੀ ਗਰੁਪ ਕਾਨਫ਼੍ਰੰਸ ਕੀ ਹੁੰਦੀ ਹੈ?

ਜਦ ਮਾਪੇ ਵੱਖ ਹੋਣ ਜਾਂ ਤਲਾਕ ਲੈਣ ਦਾ ਫ਼ੈਸਲਾ ਕਰਦੇ ਹਨ, ਤਾਂ ਬੱਚੇ ਘਾਟਾ, ਗੁੱਸਾ, ਉਦਾਸੀ ਜਾਂ ਖ਼ੁਦ ਨੂੰ ਕਸੂਰਵਾਰ ਵੀ ਮਹਿਸੂਸ ਕਰ ਸਕਦੇ ਹਨ। ਜੇ ਮਾਪੇ ਆਪਸ ਵਿਚ ਮਿਲ ਕੇ ਬੱਚਿਆਂ ਨਾਲ ਸੰਪਰਕ ਰੱਖਣ ਅਤੇ ਰਿਹਾਇਸ਼ ਦੇ ਪ੍ਰਬੰਧਾਂ ਬਾਰੇ ਸਹਿਮਤ ਹੋ ਜਾਣ ਤਾਂ ਤਾਂ ਹੋ ਸਕਦਾ ਹੈ ਕਿ ਬੱਚੇ ਅਜਿਹਾ ਘੱਟ ਮਹਿਸੂਸ ਕਰਨ।

ਫ਼ੈਮਿਲੀ ਗਰੁਪ ਕਾਨਫ਼੍ਰੰਸ ਵਿਚ ਮਾਪਿਆਂ, ਬੱਚਿਆਂ ਅਤੇ ਪਰਿਵਾਰ ਦੇ ਹੋਰ ਲੋਕਾਂ ਨੂੰ ਇਕੱਠੇ ਹੋ ਕੇ ਇਹ ਵਿਚਾਰ ਵਟਾਂਦਰਾ ਕਰਨ ਦਾ ਨਿਵੇਕਲਾ ਮੌਕਾ ਮਿਲਦਾ ਹੈ ਕਿ ਜੇ ਕੋਈ ਮਸਲੇ ਹਨ ਤਾਂ ਉਹਨਾਂ ਨੂੰ ਕਿਵੇਂ ਸੁਲਝਾਇਆ ਜਾਏ। ਫ਼ੈਮਿਲੀ ਗਰੁਪ ਕਾਨਫ਼੍ਰੰਸ ਕਰਨਾ ਇਕ ਅਜਿਹਾ ਢੰਗ ਹੈ ਜਿਹਦੇ ਨਾਲ ਮਾਪੇ ਆਪਣੇ ਬੱਚਿਆਂ ਲਈ ਆਪਸੀ ਸਹਿਮਤੀ ਨਾਲ ਕੋਈ ਯੋਜਨਾ ਬਣਾ ਸਕਦੇ ਹਨ, ਅਤੇ ਉਹਨਾਂ ਨੂੰ ਆਪਸੀ ਨਫ਼ਤਰ-ਭਰੀ ਅਤੇ ਖ਼ਰਚੀਲੀ ਅਦਾਲਤੀ ਕਾਰਵਾਈ ਕਰਨ ਦੀ ਲੋੜ ਨਹੀਂ ਪੈਂਦੀ।

## ਕਾਨਫ਼੍ਰੰਸ ਦੀ ਤਿਆਰੀ ਕਰਨਾ

ਤੁਹਾਡੇ ਫ਼ੈਮਿਲੀ ਕੋਰਟ ਐਡਵਾਈਜ਼ਰ ਦੀ ਸਿਫ਼ਾਰਿਸ਼ ਆਉਣ ਮਗਰੋਂ, ਫ਼ੈਮਿਲੀ ਗਰੁਪ ਕਾਨਫ਼੍ਰੰਸ ਦਾ ਕੋਈ ਸੁਤੰਤਰ ਕੁ-ਆਰਡੀਨੇਟਰ ਤੁਹਾਨੂੰ ਮਿਲਣ ਦਾ ਪ੍ਰਬੰਧ ਕਰੇਗਾ। "ਸੁਤੰਤਰ" ਦਾ ਅਰਥ ਅਜਿਹਾ ਵਿਅਕਤੀ ਹੈ ਜਿਹਨੇ ਪਹਿਲਾਂ ਕਦੇ ਤੁਹਾਡੇ ਪਰਿਵਾਰ ਨਾਲ ਕੰਮ ਨਹੀਂ ਕੀਤਾ। ਫ਼ੈਮਿਲੀ ਗਰੁਪ ਕਾਨਫ਼੍ਰੰਸਾਂ ਦੇ ਸਭ ਕੁ-ਆਰਡੀਨੇਟਰਾਂ ਨੂੰ ਖ਼ਾਸ ਸਿਖਲਾਈ ਮਿਲੀ ਹੁੰਦੀ ਹੈ।

ਕੁ-ਆਰਡੀਨੇਟਰ ਇਹ ਫ਼ੈਸਲਾ ਕਰਨ ਵਿਚ ਤੁਹਾਡੀ ਮਦਦ ਕਰੇਗਾ ਕਿ ਕਾਨਫ਼੍ਰੰਸ ਵਿਚ ਕਿਹਨਾਂ ਨੂੰ ਬੁਲਾਉਣ ਦੀ ਲੋੜ ਹੈ, ਅਤੇ ਉਹ ਪ੍ਰਬੰਧ ਕਰਦਾ ਹੈ ਕਿ ਕਾਨਫ਼੍ਰੰਸ ਕਿੱਥੇ ਅਤੇ ਕਦ ਹੋਵੇਗੀ। ਮੀਟਿੰਗ ਦੇ ਸਮੇਂ ਅਤੇ ਥਾਂ ਬਾਰੇ ਦੱਸਣ ਵਾਲਾ ਖ਼ਤ ਸਭਨਾਂ ਨੂੰ ਭੇਜਿਆ ਜਾਏਗਾ।

ਤੁਹਾਡੇ ਬੱਚੇ ਦੀ ਉਮਰ ਅਤੇ ਸਮਝ ਨੂੰ ਧਿਆਨ ਵਿਚ ਰੱਖ ਕੇ, ਕੁ-ਆਰਡੀਨੇਟਰ ਉਹਦੀਆਂ ਇੱਛਾਵਾਂ ਅਤੇ ਭਵਾਨਾਵਾਂ ਬਾਰੇ ਵੀ ਪੁੱਛ ਸਕਦਾ ਹੈ। ਬੱਚਿਆਂ ਨੂੰ ਮੀਟਿੰਗ ਵਿਚ ਆਉਣ ਲਈ ਉਤਸ਼ਾਹ ਦੇਣਾ ਬਹੁਤ ਜ਼ਰੂਰੀ ਹੈ। ਹਿੱਸਾ ਲੈਣ ਵਿਚ ਬੱਚਿਆਂ ਦੀ ਮਦਦ ਕਰਨ ਲਈ ਕੋਈ ਮਦਦਗਾਰ (ਐਡਵੋਕੇਟ) ਵੀ ਹੋ ਸਕਦਾ ਹੈ।

## ਕਿਹਨਾਂ ਨੂੰ ਆਉਣਾ ਚਾਹੀਦਾ ਹੈ?

ਤੁਹਾਡੇ ਖ਼ਿਆਲ ਵਿਚ ਜਿਹੜੇ ਵੀ ਲੋਕ ਤੁਹਾਡੇ ਬੱਚਿਆਂ ਬਾਰੇ ਵੱਧ ਤੋਂ ਵੱਧ ਚੰਗੇ ਫ਼ੈਸਲੇ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਇਹ ਪਰਿਵਾਰ ਦੇ ਲੋਕ, ਦੋਸਤ ਜਾਂ ਗੁਆਂਢੀ ਹੋ ਸਕਦੇ ਹਨ। ਤੁਸੀਂ ਇਹ ਵੀ ਆਖ ਸਕਦੇ ਹੋ ਜਿਹੜੇ ਕਰਮਚਾਰੀ ਤੁਹਾਡੇ ਬੱਚੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ (ਜਿਵੇਂ ਟੀਚਰ, ਹੈਲਥ ਵਿਜ਼ਿਟਰ ਜਾਂ ਸੋਸ਼ਲ ਵਰਕਰ) ਉਹ ਵੀ ਕਾਨਫ਼੍ਰੰਸ ਵਿਚ ਆਉਣ। ਇਹ ਕਰਮਚਾਰੀ ਸਿਰਫ਼ ਆਪਣੇ ਆਪਣੇ ਕੰਮ ਨਾਲ ਸੰਬੰਧਤ ਜਾਣਕਾਰੀ ਹੀ ਦੇ ਸਕਦੇ ਹਨ, ਅਤੇ ਫ਼ੈਮਿਲੀ ਗਰੁਪ ਕਾਨਫ਼੍ਰੰਸ ਵਿਚ ਉਹ ਕੋਈ ਫ਼ੈਸਲੇ ਨਹੀਂ ਕਰਨਗੇ। ਜਿੱਥੇ ਵੀ ਹੋ ਸਕੇ, ਤੁਹਾਡੇ ਬੱਚੇ ਨਾਲ ਸੰਬੰਧਤ ਹਰ ਮਹੱਤਵਪੂਰਨ ਵਿਅਕਤੀ ਨੂੰ ਬੁਲਾਇਆ ਜਾਣਾ ਚਾਹੀਦਾ ਹੈ।

# ਉਸ ਦਿਨ. . .

## ਜਾਣਕਾਰੀ ਸਾਂਝੀ ਕਰਨਾ

ਕਾਨਫ੍ਰੰਸ ਦੇ ਪਹਿਲੇ ਹਿੱਸੇ ਵਿਚ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ। ਕੁ-ਆਰਡੀਨੇਟ ਸਭਨਾਂ ਨੂੰ ਆਪਣਾ ਆਪਣਾ ਪਰਿਚੈ ਦੇਣ ਲਈ ਆਖੇਗਾ। ਜੇ ਕੋਈ ਕਰਮਚਾਰੀ ਵੀ ਆਏ ਹੋਣ, ਤਾਂ ਉਹ ਅਜਿਹੀ ਜਾਣਕਾਰੀ ਦੇਣਗੇ ਜੋ ਤੁਹਾਡੇ ਬੱਚੇ ਬਾਰੇ ਯੋਜਨਾ ਬਣਾਉਣ ਵਿਚ ਮਦਦ ਕਰੇਗੀ। ਉਹਨਾਂ ਨੂੰ ਸਵਾਲ ਪੁੱਛਣ ਦੇ ਬਹੁਤ ਸਾਰੇ ਮੌਕੇ ਦਿੱਤੇ ਜਾਣਗੇ।

## ਪਰਿਵਾਰ ਲਈ ਪ੍ਰਾਈਵੇਟ ਸਮਾਂ

ਇਹ ਮੀਟਿੰਗ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੁੰਦਾ ਹੈ। ਤੁਹਾਡੇ ਪਰਿਵਾਰ ਅਤੇ ਦੋਸਤਾਂ ਨੂੰ ਯੋਜਨਾਬੰਦੀ ਕਰਨ ਦਾ ਮੌਕਾ ਦਿੱਤਾ ਜਾਏਗਾ। ਇਸ ਵੇਲੇ ਕਰਮਚਾਰੀ ਅਤੇ ਕੁ-ਆਰਡੀਨੇਟਰ ਬਾਹਰ ਚਲੇ ਜਾਣਗੇ, ਅਤੇ ਤੁਸੀਂ ਇਹ ਕੰਮ ਕਰ ਸਕਦੇ ਹੋ:

- ਦਿੱਤੀ ਗਈ ਜਾਣਕਾਰੀ ਬਾਰੇ ਵਿਚਾਰ ਕਰਨਾ
- ਕਿਸੇ ਯੋਜਨਾ ਬਾਰੇ ਸਹਿਮਤ ਹੋਣਾ
- ਇਹ ਫ਼ੈਸਲਾ ਕਰਨਾ ਕਿ ਅਗਾਂਹ ਕੀ ਕਰਨਾ ਹੈ
- ਇਹ ਵਿਚਾਰ ਕਰਨਾ ਕਿ ਤੁਸੀਂ ਇਸ ਯੋਜਨਾ ਨੂੰ ਯਕੀਨੀ ਤੌਰ 'ਤੇ ਸਫਲ ਕਿਵੇਂ ਬਣਾਓਗੇ
- ਇਹ ਫ਼ੈਸਲਾ ਕਰਨਾ ਕਿ ਜੇ ਯੋਜਨਾ ਠੀਕ ਢੰਗ ਨਾਲ ਕੰਮ ਨਾ ਕਰੇ, ਤਾਂ ਕੌਣ ਮਦਦ ਕਰੇਗਾ।

ਇਹਨਾਂ ਮਸਲਿਆਂ ਬਾਰੇ ਵਿਚਾਰ ਕਰਨ ਲਈ ਤੁਸੀਂ ਜਿੰਨਾ ਸਮਾਂ ਚਾਹੋ ਲੈ ਸਕਦੇ ਹੋ। ਕੁ-ਆਰਡੀਨੇਟਰ ਲਾਗੇ ਹੀ ਹੋਏਗਾ ਅਤੇ ਜੇ ਤੁਸੀਂ ਚਾਹੋ ਤਾਂ ਉਹਤੋਂ ਮਦਦ ਮੰਗ ਸਕਦੇ ਹੋ। ਜੇ ਸਹਿਮਤ ਹੋਣ ਵਿਚ ਤੁਹਾਨੂੰ ਕੋਈ ਮੁਸ਼ਕਿਲਾਂ ਆ ਰਹੀਆਂ ਹਨ, ਤਾਂ ਕੁ-ਆਰਡੀਨੇਟਰ ਤੁਹਾਡੀ ਮਦਦ ਕਰੇਗਾ।

## ਸਹਿਮਤ ਹੋਣ ਲਈ ਮੀਟਿੰਗ

ਜਦ ਤੁਸੀਂ ਕਿਸੇ ਫ਼ੈਮਿਲੀ ਪਲਾਨ (ਪਰਿਵਾਰ ਲਈ ਯੋਜਨਾ) ਬਾਰੇ ਸਹਿਮਤ ਹੋ ਜਾਓਗੇ, ਤਾਂ ਕੁ-ਆਰਡੀਨੇਟਰ ਕਮਰਚਾਰੀਆਂ ਨੂੰ ਮੀਟਿੰਗ ਵਿਚ ਵਾਪਸ ਬੁਲਾਏਗਾ। ਤੁਸੀਂ ਇਹ ਵੀ ਵਿਚਾਰ ਕਰੋਗੇ ਕਿ ਕੀ ਤੁਸੀਂ ਛੇ ਤੋਂ ਅੱਠ ਮਹੀਨਿਆਂ ਤਕ ਦੇ ਸਮੇਂ ਵਿਚ ਯੋਜਨਾ ਬਾਰੇ ਮੁੜ-ਵਿਚਾਰ ਕਰਨ ਲਈ ਮੀਟਿੰਗ ਰੱਖਣਾ ਚਾਹੋਗੇ। ਜੇ ਆਪਣੇ ਕੰਮ ਦੀ ਵਿਉਂਤ ਬਣਾਉਣ ਲਈ ਤੁਹਾਨੂੰ ਹੋਰ ਮਦਦ ਜਾਂ ਸੇਵਾਵਾਂ ਦੀ ਲੋੜ ਹੋਵੇ, ਤਾਂ ਇਹਨਾਂ ਦਾ ਪ੍ਰਬੰਧ ਕਰਨ ਬਾਰੇ ਫ਼ੈਮਿਲੀ ਕੋਰਟ ਐਡਵਾਈਜ਼ਰ ਸਲਾਹ ਦੇਵੇਗਾ।

ਕਰਮਚਾਰੀ ਅਤੇ ਅਦਾਲਤ ਤੁਹਾਡੀ ਯੋਜਨਾ ਨਾਲ ਅਸਹਿਮਤ ਤਦ ਹੀ ਹੋਣਗੇ ਜੇ ਉਹਨਾਂ ਨੂੰ ਜਾਪੇ ਕਿ ਇਹਦੇ ਨਾਲ ਤੁਹਾਡਾ ਬੱਚਾ ਖ਼ਤਰੇ ਵਿਚ ਪੈ ਸਕਦਾ ਹੈ। ਜੇ ਇਹ ਗੱਲ ਹੋਵੇ, ਤਾਂ ਕੁ-ਆਰਡੀਨੇਟਰ ਤੁਹਾਨੂੰ ਇਹਦੇ ਬਾਰੇ ਫਿਰ ਤੋਂ ਵਿਚਾਰ ਕਰਨ ਲਈ ਆਖੇਗਾ।

**ਮੀਟਿੰਗ ਵਿਚ ਸ਼ਾਮਿਲ ਸਭ ਲੋਕ, ਅਤੇ ਬੱਚੇ ਵੀ, ਫ਼ੈਮਿਲੀ ਯੋਜਨਾ 'ਤੇ ਦਸਤਖ਼ਤ ਕਰਨਗੇ। ਮੰਨੀ ਹੋਈ ਇਸ ਯੋਜਨਾ ਦੀ ਕਾਪੀ ਅਦਾਲਤ ਨੂੰ ਭੇਜੀ ਜਾਏਗੀ।**

# ਬਾਅਦ ਵਿਚ ਆਪਣੇ ਵਿਚਾਰ ਪੇਸ਼ ਕਰਨਾ

### ਮੈਂ ਆਪਣੇ ਵਿਚਾਰ ਪੇਸ਼ ਕਰਨ ਜਾਂ ਸ਼ਿਕਾਇਤ ਕਰਨ ਦਾ ਕੰਮ ਕਿਵੇਂ ਕਰ ਸਕਦਾ/ਸਕਦੀ ਹਾਂ?

ਅਸੀਂ ਫ਼ੈਮਿਲੀ ਗਰੁਪ ਕਾਨਫ਼੍ਰੰਸ ਬਾਰੇ ਤੁਹਾਡੇ ਵਿਚਾਰ ਜਾਨਣਾ ਚਾਹਾਂਗੇ। ਕਾਨਫ਼੍ਰੰਸ ਤੋਂ ਬਾਅਦ ਤੁਹਾਨੂੰ ਆਪਣੇ ਵਿਚਾਰ ਦੱਸਣ ਵਾਲਾ ਫ਼ਾਰਮ ਭਰਨ ਲਈ ਦਿੱਤਾ ਜਾਏਗਾ। ਤੁਹਾਡੇ ਦੱਸੇ ਵਿਚਾਰਾਂ ਨਾਲ ਸਾਨੂੰ ਆਪਣੀਆਂ ਸੇਵਾਵਾਂ ਵਿਚ ਸੁਧਾਰ ਕਰਨ ਵਿਚ ਮਦਦ ਮਿਲੇਗੀ, ਇਸ ਕਰਕੇ ਜੇ ਤੁਸੀਂ ਕੁਝ ਮਿੰਟਾਂ ਦਾ ਸਮਾਂ ਕੱਢ ਕੇ ਇਹ ਫ਼ਾਰਮ ਭਰੋ ਤਾਂ ਅਸੀਂ ਤੁਹਾਡੇ ਧੰਨਵਾਦੀ ਹੋਵਾਂਗੇ।

ਅਸੀਂ ਅਜਿਹੇ ਪਰਿਵਾਰਾਂ ਨੂੰ ਵੀ ਲੱਭ ਰਹੇ ਹਾਂ ਜੋ ਉਹਨਾਂ ਲੋਕਾਂ ਨਾਲ ਗੱਲਬਾਤ ਕਰਨ ਲਈ ਤਿਆਰ ਹਨ ਜੋ ਫ਼ੈਮਿਲੀ ਗਰੁਪ ਕਾਨਫ਼੍ਰੰਸਾਂ ਵਿਚ ਜਾਣ ਦਾ ਵਿਚਾਰ ਬਣਾ ਰਹੇ ਹਨ, ਅਤੇ ਅਸੀਂ ਉਹਨਾਂ ਨਾਲ ਵੀ ਗੱਲ ਕਰਨਾ ਚਾਹੁੰਦੇ ਹਾਂ ਜੋ ਅਜਿਹੀਆਂ ਕਾਨਫ਼੍ਰੰਸਾਂ ਵਿਚ ਜਾ ਚੁੱਕੇ ਹਨ।

ਜੇ ਤੁਸੀਂ ਆਪਣੀ ਫ਼ੈਮਿਲੀ ਗਰੁਪ ਕਾਨਫ਼੍ਰੰਸ ਕਰਵਾਏ ਜਾਣ ਦੇ ਢੰਗ ਤੋਂ ਖ਼ੁਸ਼ ਨਹੀਂ ਹੋ, ਤਾਂ ਤੁਸੀਂ ਫ਼ੈਮਿਲੀ ਗਰੁਪ ਕਾਨਫ਼੍ਰੰਸ ਦਾ ਪ੍ਰਬੰਧ ਕਰਨ ਵਾਲਿਆਂ ਨਾਲ ਗੱਲ ਕਰ ਸਕਦੇ ਹੋ। ਉਹ ਤੁਹਾਡੀਆਂ ਚਿੰਤਾਵਾਂ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੇ ਹਨ, ਅਤੇ ਜੇ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕੈਫ਼ਕਾਸ ਦੇ ਸ਼ਿਕਾਇਤ ਕਰਨ ਦੇ ਪ੍ਰਬੰਧਾਂ ਅਨੁਸਾਰ ਉਹ ਇਸ ਕੰਮ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

### ਸੰਪਰਕ ਕਰਨਾ

**ਕੈਫ਼ਕਾਸ ਲੰਡਨ ਰੀਜਨ ਫ਼ੈਮਿਲੀ**

**ਗਰੁਪ ਕਾਨਫ਼ੰਸ ਸਰਵਿਸ:**

**Cafcass London region family**
**group conference service:**
**020 7210 4100**

ਕੈਫ਼ਕਾਸ ਨੇ ਫ਼ਰਵਰੀ 2007 ਵਿਚ ਛਾਪ ਕੇ ਪ੍ਰਕਾਸ਼ਿਤ ਕੀਤਾ
8th Floor, South Quay Plaza 3, 189 Marsh Wall, London E14 9SH